# ਪੰਜਾਬ ਦੀ ਕਲਾ ਦੇ ਵਿਕਾਸ ਲਈ ਸਭਿਆਚਾਰਕ ਨੀਤੀ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਸਭਿਆਚਾਰਕ ਖੇਤਰ ਵਿਚ ਬਹੁਤ ਕੁਝ ਹੋਣ ਵਾਲਾ ਹੈ। ਕਰਤਾਰ ਸਿੰਘ ਦੁੱਗਲ ਨੇ 'ਪੰਜਾਬੀ ਟ੍ਰਿਬਿਊਨ' ਵਿਚ ਛਪਵਾਏ ਇਕ ਲੇਖ ਵਿਚ ਕਈ ਸਵਾਲ ਖੜ੍ਹੇ ਕੀਤੇ ਹਨ। ਕੋਈ ਚੰਗੀ ਪੰਜਾਬੀ ਫਿਲਮ ਹੈ? ਨਹੀਂ। ਕੋਈ ਚੰਗਾ ਪੰਜਾਬੀ ਨਾਟਕ ਹੈ? ਨਹੀਂ। ਸਾਹਿਤ ਵਿਕਦਾ ਹੈ? ਨਹੀਂ। ਹਰ ਇਕ ਖੇਤਰ ਵਿਚ ਪ੍ਰਾਪਤੀ ਨਹੀਂ ਕਹੀ ਜਾ ਸਕਦੀ ਹੈ।

ਉਨ੍ਹਾਂ ਦੇ ਸਵਾਲਾਂ ਨਾਲ ਜੁੜਦਾ ਇਕ ਹੋਰ ਸਵਾਲ ਵੀ ਉਠਦਾ ਹੈ ਜੋ ਪੰਜਾਬ ਦੇ ਸਮੁੱਚੇ ਲੋਕਾਂ ਬਾਰੇ ਹੈ। ਪੰਜਾਬ ਦੀ 80 ਫੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਉਹਦੇ ਵਿਚੋਂ ਅਜੇ 37 ਫੀਸਦੀ ਵਿਹੜਿਆਂ ਅਤੇ ਠੱਠੀਆਂ ਵਿਚ ਰਹਿੰਦੀ ਹੈ। ਕੀ ਇਨ੍ਹਾਂ ਪਿੰਡਾਂ ਵਿਚ ਕੋਈ ਆਧੁਨਿਕ ਸਹੂਲਤ ਪ੍ਰਾਪਤ ਹੈ? ਨਹੀਂ। ਕੀ ਮੀਂਹ ਪੈਣ ਪਿੱਛੋਂ ਚਿੱਕੜ ਤੋਂ ਕੋਈ ਬਚਾਅ ਹੈ? ਨਹੀਂ। ਕੋਈ ਵੀ ਫਖਰ ਕਰਨ ਵਾਲੀ ਗੱਲ ਹੈ? ਨਹੀਂ। ਜਦ ਸਾਰਾ ਵਰਤਾਰਾ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਗਲਤ ਚਲ ਰਿਹਾ ਹੈ, ਜੋ ਬੁਨਿਆਦੀ ਤੌਰ ਉਤੇ ਗਰੀਬਾਂ ਦਾ ਦੁਸ਼ਮਣ ਹੈ ਤਾਂ ਉਹਦੇ ਵਿਚ ਚੰਗੀ ਫਿਲਮ, ਚੰਗਾ ਨਾਟਕ, ਚੰਗਾ ਸਾਹਿਤ ਕਿੱਥੋਂ ਆਏਗਾ? ਫਿਲਮ ਬਣਾਉਣ ਵਾਲਿਆਂ ਨੂੰ, ਨਾਟਕ ਕਰਨ ਵਾਲਿਆਂ ਨੂੰ, ਸਾਹਿਤ ਲਿਖਣ ਵਾਲਿਆਂ ਨੂੰ ਇਨ੍ਹਾਂ ਸਵਾਲਾਂ ਨੂੰ ਵੀ ਜ਼ਰੂਰ ਸੰਬੋਧਤ ਹੋਣਾ ਚਾਹੀਦਾ ਹੈ। ਚੰਗਾ ਸਮਾਜ ਬਣਾਉਣ ਦੀ ਸਾਰੀ ਜ਼ਿੰਮੇਵਾਰੀ ਸਿਆਸਤਦਾਨਾਂ ਅਤੇ ਪ੍ਰਬੰਧਕਾਂ ਉਤੇ ਨਹੀਂ ਛੱਡੀ ਜਾ ਸਕਦੀ।

ਕਰਤਾਰ ਸਿੰਘ ਦੁੱਗਲ ਹੁਣ ਰਾਜ ਸਭਾ ਦੇ ਮੈਂਬਰ ਹਨ। ਪੰਜਾਬੀ ਚਿੰਤਨ ਦੇ ਉਹ ਸਿਰਮੌਰ ਆਗੂ ਹਨ। ਪੰਜਾਬੀ ਕਲਾ ਦੇ ਖੇਤਰ ਵਿਚ ਉਹ ਬਹੁਤ ਕੁਝ ਪਹਿਲਕਦਮੀ ਨਾਲ ਕਰ ਸਕਦੇ ਹਨ।

ਕਲਾ ਦੇ ਖੇਤਰ ਵਿਚ ਦੋ ਕੰਮ ਜ਼ਰੂਰੀ ਹਨ। ਇਕ ਕੰਮ ਹੈ ਕਿ ਚੰਗੀ ਕਲਾ ਕਿਸ ਤਰ੍ਹਾਂ ਪੈਦਾ ਕੀਤੀ ਜਾਵੇ ਅਤੇ ਦੂਜਾ ਇਹਦੇ ਨਾਲ ਜੁੜਦਾ ਜ਼ਰੂਰੀ ਕੰਮ ਹੈ ਕਿ ਇਹ ਚੰਗੀ ਕਲਾ ਲੋਕਾਂ ਤਕ ਕਿਸ ਤਰ੍ਹਾਂ ਪੁਚਾਈ ਜਾਵੇ। ਦੋਨੋਂ ਗੱਲਾਂ ਆਪਸ ਵਿਚ ਜੁੜੀਆਂ ਹਨ ਇਨ੍ਹਾਂ ਲਈ ਸਾਧਨ ਕਿਸ ਤਰ੍ਹਾਂ ਜੁਟਾਉਣੇ ਹਨ, ਇਹਦੇ ਲਈ ਇਕ ਕਲਾ-ਨੀਤੀ ਬਣਾਉਣੀ ਜ਼ਰੂਰੀ ਹੈ।

ਸਾਡੇ ਕੋਲ ਸਾਧਨ ਸੀਮਤ ਹਨ ਪਰ ਕਲਾ ਨੂੰ ਉਤਸ਼ਾਹਤ ਕਰਨ ਲਈ ਇਹ ਸੀਮਤ ਸਾਧਨ ਹੀ ਕਾਫੀ ਹਨ। ਸ਼ਰਤ ਇਹੀ ਹੈ ਕਿ ਦਿਸ਼ਾ ਜਰੂਰ ਨਿਸਚਿਤ ਕੀਤੀ ਜਾਵੇ। ਮਿਸਾਲ ਵਜੋਂ ਪੰਜਾਬ ਲਈ ਪੰਜਾਬ ਕਲਾ ਪ੍ਰਿਸ਼ਦ ਬਾਕਾਇਦਾ ਕਾਇਮ ਹੈ। ਚੰਡੀਗੜ੍ਹ ਦੇ 16 ਸੈਕਟਰ ਦੇ ਰੋਜ਼ ਗਾਰਡਨ ਦੀ ਇਕ ਨੁੱਕਰ ਵਿਚ ਇਹਦਾ ਟਿਕਾਣਾ ਹੈ। ਇਹ ਬੜਾ ਵਧੀਆ ਡੀਜ਼ਾਇਨ ਕੀਤਾ ਹੋਇਆ ਹੈ। ਤਿੰਨ ਵੱਡੇ ਵਿਹੜੇ ਹਨ। ਛੋਟਾ ਜਿਹਾ ਓਪਨ ਥੀਏਟਰ ਹੈ। ਆਰਟ ਗੈਲਰੀ ਹੈ। ਉਪਰ ਗੈਸਟ ਹਾਊਸ ਦੀਆਂ ਸਹੂਲਤਾਂ ਵਾਲੇ ਚਾਰ ਕਮਰੇ ਹਨ। ਇਹ ਥਾਂ ਚੰਗੀ ਕਲਾ ਦੇ ਵਿਕਾਸ ਲਈ ਅਤੇ ਫਿਰ ਕਲਾ ਨੂੰ ਲੋਕਾਂ ਵਿਚ ਲਿਜਾਣ ਲਈ ਇਕ ਕੇਂਦਰ ਦੇ ਰੂਪ ਵਿਚ ਸਹਿਜੇ ਹੀ ਵਰਤੀ ਜਾ ਸਕਦੀ ਹੈ। ਦੁੱਗਲ ਜੀ ਇਸ ਸੰਸਥਾ ਨਾਲ ਜੁੜੇ ਰਹੇ ਹਨ। ਹੁਣ ਉਨ੍ਹਾਂ ਦਾ ਜੁੜਨਾ ਹੋਰ ਵੀ ਲਾਹੇਵੰਦ ਹੋਵੇਗਾ।

ਕਲਾ ਦੇ ਵਿਕਾਸ ਦੇ ਸੰਦਰਭ ਵਿਚ ਨਾਟਕ ਦੀ ਗੱਲ ਕਰੀਏ। ਇਹ ਗੱਲ ਹੋਰਨਾਂ ਕਲਾਵਾਂ ਉਤੇ ਵੀ ਲਾਗੂ ਹੁੰਦੀ ਹੈ। ਤਾਂ ਇਸ ਕੇਂਦਰ ਵਿਚ ਚੋਣਵੇਂ ਕਲਾਕਾਰ ਲੈ ਕੇ ਅਤੇ ਇਕ ਚੰਗਾ ਨਿਰਦੇਸ਼ਕ ਚੁਣ ਕੇ ਇਕ ਅਜਿਹਾ ਨਾਟਕ ਜ਼ਰੂਰ ਤਿਆਰ ਕੀਤਾ ਜਾ ਸਕਦਾ ਹੈ ਜੋ ਪੰਜਾਬ ਦੇ ਲੋਕਾਂ ਦੀ ਆਧੁਨਿਕ ਜ਼ਿੰਦਗੀ ਨੂੰ ਪੇਸ਼ ਕਰੇ। ਸਾਡੇ ਕੋਲ ਕਲਾਕਾਰ ਹਨ। ਉਹ ਚੰਗਾ ਕੰਮ ਕਰਦੇ ਹਨ। ਪਰ ਪਿਛਲੇ ਦੌਰ ਵਿਚ ਦੇਖਿਆ ਗਿਆ ਹੈ ਕਿ ਉਨ੍ਹਾਂ ਦੀ ਚੋਣ ਅਜਿਹੀ ਹੁੰਦੀ ਹੈ ਕਿ ਉਹ ਪੰਜਾਬ ਦੇ ਜੀਵਨ ਦੇ ਅੱਜ ਦੇ ਯਥਾਰਥ ਨੂੰ ਪੇਸ਼ ਕਰਨ ਤੋਂ ਝਿਜਕਦੇ ਹਨ। ਯੂਨਾਨੀ ਦੁਖਾਂਤ 'ਮੇਡੀਆ' ਅਤੇ 'ਯੇਰਮਾ' ਇਹਦੀਆਂ ਮਿਸਾਲਾਂ ਹਨ। ਉਨ੍ਹਾਂ ਨੂੰ ਅੱਜ ਦੀ ਜ਼ਿੰਦਗੀ ਬਾਰੇ ਚੰਗੀ ਸਕਰਿਪਟ ਨਹੀਂ ਲੱਭ ਸਕੀ ਜਾਂ ਉਨ੍ਹਾਂ ਨੇ ਸਾਂਝੇ ਤੌਰ ਉਤੇ ਬੈਠ ਕੇ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ। ਸੋ ਇਨ੍ਹਾਂ ਪੇਸ਼ਕਾਰੀਆਂ ਬਾਰੇ ਚਰਚਾ ਜ਼ਰੂਰ ਹੋਈ ਪਰ ਗੱਲ ਕਿਸੇ ਨਾ ਪੁੱਜੀ। ਪੁੱਜ ਸਕਦੀ ਹੀ ਨਹੀਂ ਜੇ ਕਲਾਕਾਰ ਆਪਣੇ ਆਪ ਨੂੰ ਅੱਜ ਦੀ ਸਥਿਤੀ ਨਾਲ ਜੋੜਦੇ ਨਹੀਂ। ਇਸ ਸੰਦਰਭ ਵਿਚ ਵੀ ਭਾਰਤ ਦੀ ਇਕ ਵੱਡੀ ਲੇਖਿਕਾ ਅਰੁੰਧਤੀ ਰਾਏ ਦੀ ਮਿਸਾਲ ਲਈ ਜਾ ਸਕਦੀ ਹੈ। ਉਹ ਕਲਾ ਲੋਕਾਂ ਲਈ ਵਾਲੀ ਗੱਲ ਨੂੰ ਸੰਬੋਧਨ ਕਰਦੀ ਹੈ। ਅਰੁੰਧਤੀ ਰਾਏ ਭਾਰਤੀ ਮੂਲ ਦੀ ਅੰਗਰੇਜ਼ੀ ਲੇਖਿਕਾ ਹੈ। ਉਹਦੀ ਕਿਤਾਬ 'ਦਿ ਗੌਡ ਆਫ਼ ਸਮਾਲ ਥਿੰਗਜ਼' ਨੇ ਵਿਸ਼ਵ ਪੱਧਰ ਉਤੇ ਪ੍ਰਸਿੱਧੀ ਲਈ ਅਤੇ ਸਾਹਿਤ ਨਾਲ ਜੁੜਦਾ ਇਕ ਵੱਡਾ ਇਨਾਮ ਉਸ ਨੂੰ ਪ੍ਰਾਪਤ ਹੋਇਆ। ਉਹ ਨਰਮਦਾ ਘਾਟੀ ਵਿਚ ਲੋਕਾਂ ਕੋਲ ਗਈ। ਉਸ ਨੂੰ ਇਹ ਅਹਿਸਾਸ ਹੋਇਆ ਕਿ ਕਿਸ ਤਰ੍ਹਾਂ ਵੱਡੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਹੋਇਆਂ ਗਰੀਬ ਬੰਦੇ ਉਜਾੜੇ ਜਾਂਦੇ ਹਨ। ਨਰਮਦਾ ਡੈਮ ਬਣਨ ਨਾਲ ਲੱਖਾਂ ਆਦਿਵਾਸੀ ਘਰੋਂ ਬੇਘਰ ਹੋ ਗਏ ਹਨ। ਉਹਦਾ ਇਕ ਲੇਖ 4 ਜੂਨ ਦੀ 'ਫਰੰਟ ਲਾਈਨ' ਵਿਚ ਆਇਆ ਹੈ। ਆਦਿ ਵਾਸੀ ਲੋਕਾਂ ਦਾ ਦੁੱਖ ਤੁਹਾਡੇ ਰੌਂਗਟੇ ਖੜ੍ਹੇ ਕਰਦਾ ਹੈ। ਇਕ ਲੇਖਕ ਜਦੋਂ ਸ਼ਿੱਦਤ ਨਾਲ ਲਿਖੇ ਤਾਂ ਸਾਰੀ ਗੱਲ ਦਾ ਪ੍ਰਿਪੇਖ ਹੀ ਬਦਲ ਜਾਂਦਾ ਹੈ। ਕਲਾ ਤਾਂ ਹੀ ਮਹਾਨ ਹੈ ਜੇ ਉਹ ਲੋਕਾਂ ਨਾਲ ਜੁੜਦੀ ਹੈ। ਅਰੁੰਧਤੀ ਰਾਏ ਦੀ ਧਾਰਨਾ ਹੈ ਕਿ ਕੌਮ ਪ੍ਰਸਤੀ ਰੱਜੇ-ਪੁੱਜੇ ਲੋਕਾਂ ਦੀ ਇਜਾਰੇਦਾਰੀ ਹੋ ਕੇ ਰਹਿ ਗਈ ਹੈ ਅਤੇ ਗਰੀਬ ਬੰਦਾ ਇਸ ਵਿਚ ਹਮੇਸ਼ਾ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਉਹਦਾ ਕਹਿਣਾ ਹੈ ਕਿ ਕਲਾਕਾਰ ਦਾ ਵੱਡਾ ਫਰਜ਼ ਹੈ ਕਿ ਗਰੀਬ ਲੋਕਾਂ ਨੂੰ ਆਵਾਜ਼ ਪ੍ਰਦਾਨ ਕਰੇ। ਪੰਜਾਬ ਦੇ ਕਾਲਕਾਰਾਂ ਉਤੇ ਇਹ ਗੱਲ ਲਾਗੂ ਹੁੰਦੀ ਹੈ।

ਇਸ ਸਵਾਲ ਨੂੰ ਸੰਬੋਧਨ ਹੋਣ ਦਾ ਮੌਕਾ ਮੈਨੂੰ ਪਿਛਲੇ ਦਿਨਾਂ ਵਿਚ ਮਿਲਿਆ। ਮੈਂ ਅੰਮ੍ਰਿਤਸਰ ਦੇ ਇਲਾਕੇ ਵਿਚ ਸਰਹੱਦ ਦੇ ਨੇੜੇ ਇਕ ਪਿੰਡ ਵਿਚ ਨਾਟਕ ਕਰਨ ਲਈ ਗਿਆ। ਪੰਜਾਬ ਦੇ ਹੋਰ ਬਹੁਤ ਸਾਰੇ ਪਿੰਡਾਂ ਵਾਂਗ ਇਹ ਵੀ ਇਕ ਕੱਚੇ ਘਰਾਂ ਦਾ ਪਿੰਡ ਸੀ। ਦਿਨੇ ਮੀਂਹ ਪੈਣ ਕਰਕੇ ਸਾਰੇ ਪਾਸੇ ਚਿੱਕੜ ਹੀ ਚਿੱਕੜ ਸੀ। ਸਕੂਲ ਦੀ ਗਰਾਊਂਡ, ਜਿਥੇ ਨਾਟਕ ਕਰਨਾ ਮਿਥਿਆ ਹੋਇਆ ਸੀ, ਥੋੜ੍ਹੇ ਮੀਂਹ ਨਾਲ ਹੀ ਛੱਪੜ ਬਣ ਗਈ ਸੀ। ਨਾਟਕ ਹੋਰ ਥਾਂ ਕਰਨਾ ਪਿਆ। ਪ੍ਰਬੰਧਕ ਕਹਿਣ ਲੱਗੇ, ''ਭਾਅ ਜੀ, ਇਕ ਅਜਿਹਾ ਨਾਟਕ ਜ਼ਰੂਰ ਕਰਨਾ ਜੋ ਇਨ੍ਹਾਂ ਦਰਸ਼ਕਾਂ ਨੂੰ ਪ੍ਰੇਰਨਾ ਦੇ ਸਕੇ ਕਿ ਪਾਕਿਸਤਾਨ ਨੇ ਜੇ ਛੇੜਖਾਨੀ ਕੀਤੀ ਤਾਂ ਅਸੀਂ ਉਨ੍ਹਾਂ ਨੂੰ ਸਬਕ ਸਿਖਾ ਦੇਵਾਂਗੇ। ਅਸੀਂ ਉਨ੍ਹਾਂ ਦਾ ਮੁਕਾਬਲਾ ਛਾਤੀਆਂ ਉਤੇ ਗੋਲੀਆਂ ਖਾ ਕੇ ਕਰਾਂਗੇ। ਅਸੀਂ ਦੇਸ ਦੀ ਖ਼ਾਤਰ ਹਰ ਕੁਰਬਾਨੀ ਦੇਵਾਂਗੇ।''

ਮੇਰਾ ਉਨ੍ਹਾਂ ਪ੍ਰਬੰਧਕਾਂ ਨੂੰ ਜਵਾਬ ਸੀ ਕਿ ਜੇ ਨਾਟਕ ਅੰਮ੍ਰਿਤਸਰ ਦੀ ਲਾਰੈਂਸ ਰੋਡ ਦੀ ਕਿਸੇ ਆਬਾਦੀ ਵਿਚ ਹੁੰਦਾ ਤਾਂ ਮੈਂ ਇਹ ਗੱਲ ਕਹਿ ਸਕਦਾ ਸਾਂ। ਪਰ ਇਹ ਗੱਲ ਮੈਂ ਇਨ੍ਹਾਂ ਭੁੱਖੇ, ਨੰਗੇ, ਕੱਚਿਆਂ ਘਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਕਿਸ ਤਰ੍ਹਾਂ ਕਹਿ ਸਕਦਾ ਹਾਂ ਕਿ ਉਹ ਦੇਸ਼ ਦੀ ਖਾਤਰ ਮਰ ਮਿਟਣ। ਇਹ ਮੈਨੂੰ ਵਾਜਬ ਤੌਰ ਉਤੇ ਸਵਾਲ ਕਰ ਸਕਦੇ ਹਨ ਕਿ ਦੇਸ਼ ਨੇ 52 ਸਾਲਾਂ ਵਿਚ ਸਾਨੂੰ ਕੀ ਦਿੱਤਾ? ਬਾਅਦ ਵਿਚ ਇਹੋ ਗੱਲ ਸਮਾਜਿਕ ਨਿਆਂ ਨਾਲ ਜੁੜਦੇ ਇਕ ਨਾਟਕ ਦੀ ਭੂਮਿਕਾ ਬੰਨ੍ਹਦਿਆਂ ਮੈਂ ਦਰਸ਼ਕਾਂ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਉਹਦਾ ਹੁੰਗਾਰਾ ਵੀ ਦਿੱਤਾ। ਉਨ੍ਹਾਂ ਨੇ ਮੇਰੇ ਨਾਲ ਵਿਸਥਾਰ ਨਾਲ ਗੱਲਾਂ ਵੀ ਕੀਤੀਆਂ। ਉਨ੍ਹਾਂ ਨੇ ਪ੍ਰਭਾਵ ਦਿੱਤਾ ਕਿ ਲੋੜ ਪੈਣ ਉਤੇ ਹਰ ਦੇਸ਼ ਭਗਤੀ ਵਿਚ ਕਿਸੇ ਤੋਂ ਪਿੱਛੇ ਨਹੀਂ ਰਹਿਣਗੇ ਪਰ ਉਹ ਸਮਾਜਿਕ ਨਿਆਂ ਲਈ ਸੰਘਰਸ਼ ਦੀ ਗੱਲ ਵੀ ਨਹੀਂ ਭੁੱਲਣਗੇ।

ਕਹਿਣ ਦਾ ਮਤਲਬ ਹੈ ਕਿ ਕਲਾਕਾਰਾਂ ਲਈ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਨਾ ਜ਼ਰੂਰੀ ਹੈ। ਹਵਾ ਵਿਚ ਕੀਤੀਆਂ ਗਈਆਂ ਗੱਲਾਂ ਅਸਰ ਨਹੀਂ ਰਖਦੀਆਂ, ਭਾਵੇਂ ਉਨ੍ਹਾਂ ਵਿਚ ਕਲਾ ਦੀਆਂ ਬੁਲੰਦੀਆਂ ਹੀ ਹੋਣ।

ਪੰਜਾਬ ਵਿਚ ਕਲਾ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਕੋਈ ਸੰਸਥਾ ਅਜਿਹੀ ਨੀਤੀ ਉਤੇ ਕੰਮ ਕਰੇ ਕਿ ਸੰਸਥਾਗਤ ਤਰੀਕੇ ਨਾਲ ਪਹਿਲਾਂ ਉਤਮ ਕਲਾ ਕਿਰਤਾਂ ਤਿਆਰ ਕਰੇ ਅਤੇ ਫੇਰ ਉਨ੍ਹਾਂ ਕਲਾ-ਕ੍ਰਿਤਾਂ ਨੂੰ ਲੈ ਕੇ ਲੋਕਾਂ ਵਿਚ ਜਾਵੇ। ਪੰਜਾਬ ਕਲਾ ਪ੍ਰਿਸ਼ਦ ਲਈ ਇਹ ਕੰਮ ਆਪਣੇ ਹੱਥ ਲੈਣਾ ਬਣਦਾ ਹੈ। ਕਰਤਾਰ ਸਿੰਘ ਦੁੱਗਲ ਅਤੇ ਹੋਰ ਸਾਰੇ ਖੇਤਰਾਂ ਦੇ ਕਲਾਕਾਰ ਇਹਦੇ ਵਿਚ ਸਹਾਈ ਹੋਣੇ ਚਾਹੀਦੇ ਹਨ। ਸਾਂਝੇ ਯਤਨ ਜੁਟਾ ਕੇ ਹੀ ਪੰਜਾਬੀ ਕਲਾ ਨੂੰ ਉੱਚੀ ਲਿਜਾਇਆ ਜਾ ਸਕਦਾ ਹੈ। ਇਕ ਠੋਸ ਸਭਿਆਚਾਰਕ ਨੀਤੀ ਸਮੇਂ ਦੀ ਲੋੜ ਹੈ।